# ਧਿਆਨ ਸ਼ਤਕ
# (Dhayan Shatak)






ਮੂਲ ਲੇਖਕ :
**ਅਚਾਰਿਆ ਜਿਨਭੱਦਰ ਖ਼ਿਮਾ-ਸ਼੍ਰਮਣ**


ਅਨੁਵਾਦਕ : ਪੁਰਸ਼ੋਤਮ ਜੈਨ - ਰਵਿੰਦਰ ਜੈਨ

**26ਵੀਂ ਮਹਾਵੀਰ ਜਨਮ ਕਲਿਆਣਕ**
**ਸ਼ਤਾਬਦੀ ਸੰਯੋਜਿਕਾ ਸਮਿਤੀ (ਪੰਜਾਬ)**
ਪੁਰਾਣਾ ਬਸ ਸਟੈਂਡ, ਕਲੱਬ ਚੌਕ, ਮਹਾਵੀਰ ਸਟਰੀਟ,
ਮਾਲੇਰਕੋਟਲਾ - 148023, ਜ਼ਿਲਾ ਸੰਗਰੂਰ

# ਧਿਆਨ ਸ਼ਤਕ
**(Dhayan Shatak)**

ਮੂਲ ਲੇਖਕ :

ਅਚਾਰਿਆ ਜਿਨਭੱਦਰਗਨੀ ਖ਼ਿਮਾ-ਸ਼੍ਰਮਣ



ਅਨੁਵਾਦਕ :
ਪਰਸ਼ੋਤਮ ਜੈਨ - ਰਵਿੰਦਰ ਜੈਨ

ਪ੍ਰਕਾਸ਼ਕ :

**26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ**

ਮਹਾਵੀਰ ਸਟਰੀਟ, ਪੁਰਾਣਾ ਬਸ ਸਟੈਂਡ, ਮਾਲੇਰਕੋਟਲਾ - 148023

## ਅਨੁਵਾਦਕਾਂ ਵੱਲੋਂ

ਧਿਆਨ ਸ਼ਤਕ ਦਾ ਪੁਰਾਤਨ ਗ੍ਰੰਥਾਂ ਵਿੱਚ ਪ੍ਰਸਿੱਧ ਸਥਾਨ ਹੈ। ਆਪਣੀ ਪ੍ਰਾਚੀਨਤਾ ਲਈ ਇਹ ਗ੍ਰੰਥ ਅਚਾਰਿਆ ਅਚਾਰਿਆ ਜਿਨਭੱਦਰਗਣੀ ਖ਼ਿਮਾ-ਸ਼੍ਰਮਣ ਦੀ ਪ੍ਰਸਿੱਧ ਰਚਨਾ ਹੈ। ਜਿਸ ਦੀ ਭਾਸ਼ਾ ਅਰਧ-ਮਾਗਧੀ ਪ੍ਰਾਕ੍ਰਿਤ ਹੈ। ਜੈਨ ਅਚਾਰਿਆ ਸ਼੍ਰੀ ਜਿਨਭੱਦਰਗਨੀ ਬਾਰੇ ਕੋਈ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਅਚਾਰਿਆ ਹਰੀ-ਭੱਦਰ ਸੁਰੀ ਜਿਨ੍ਹਾਂ ਦਾ ਸਮਾਂ ਅੰਦਾਜ਼ਾ ਡਾ. ਹੈਰਮਨ ਜਕੋਬੀ, ਡਾ. ਹੀਰਾ ਲਾਲ ਜੈਨ ਅਤੇ ਡਾ. ਏ.ਐਨ. ਉਪਾਧਿਆਇ ਨੇ 740 ਲਿਖਿਆ ਹੈ, ਉਹਨਾਂ ਦੀ ਆਪਣੀ ਉਪਰੋਕਤ ਰਚਨਾ ਵਿੱਚ ਇਸ ਗ੍ਰੰਥ ਦਾ ਵਰਨਣ ਆਇਆ ਹੈ। ਅਚਾਰਿਆ ਜਿਨਭੱਦਰਗਣੀ ਨੇ ਇਸ ਗ੍ਰੰਥ ਤੋਂ ਛੁੱਟ ਵਿਸ਼ੇਸ਼ਕ-ਆਵਸ਼ਯਕ-ਭਾਸ਼ਯ, ਜਤੀਕਲਪ ਜਿਹੇ ਗ੍ਰੰਥਾਂ ਦੀ ਰਚਨਾ ਕੀਤੀ ਹੈ। ਪਰ ਕਿਸੇ ਗ੍ਰੰਥ ਵਿੱਚ ਵੀ ਉਹਨਾਂ ਆਪਣਾ ਨਾਂ, ਗੁਰੂ ਦਾ ਨਾਂ, ਜਨਮ ਸਥਾਨ ਨਹੀਂ ਦਿੱਤਾ।

ਧਿਆਨ ਸ਼ਤਕ ਵਿੱਚ ਚਾਰ ਪ੍ਰਕਾਰ ਦੇ ਧਿਆਨਾਂ ਦਾ ਵਰਨਣ ਹੈ। ਇਹ ਧਿਆਨ ਹਨ : ਆਰਤ, ਰੌਦਰ, ਧਰਮ ਤੇ ਸ਼ੁਕਲ। ਜੋ ਪਾਠਕ ਜੈਨ ਧਿਆਨ ਪਰੰਪਰਾ ਬਾਰੇ ਜਾਣਨਾ ਚਾਹੁੰਦੇ ਹਨ, ਉਹਨਾਂ ਲਈ ਇਹ ਗ੍ਰੰਥ ਇੱਕ ਮਹੱਤਵਪੂਰਨ ਰਚਨਾ ਹੈ। ਪਾਠਕਾਂ ਦੀ ਧਿਆਨ ਰੁਚੀ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇਸ ਦਾ ਅਨੁਵਾਦ ਸਰਲ ਭਾਸ਼ਾ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਹੈ। ਭੁੱਲ-ਚੁੱਕ ਲਈ ਅਨੁਵਾਦਕ ਖ਼ਿਮਾ ਦੇ ਯਾਚਕ ਹਨ।

ਸ਼ੁਭਚਿੰਤਕ,
ਪੁਰਸ਼ਤੋਮ ਜੈਨ - ਰਵਿੰਦਰ ਜੈਨ
ਮੰਡੀ ਗੋਬਿੰਦਗੜ੍ਹ

ਮਿਤੀ : 31 ਮਾਰਚ, 2013

# ਅਚਾਰਿਆ ਜਿਨਭੱਦਰਗਨੀ ਖ਼ਿਮਾ-ਸ਼੍ਰਮਣ
## ਧਿਆਨ ਸ਼ਤਕ

ਸ਼ੁਕਲ ਧਿਆਨ ਦੀ ਅੱਗ ਤੋਂ ਕਰਮ ਦੇ ਬਾਲਣ ਨੂੰ ਜਲਾ ਦੇਣ ਵਾਲੇ ਯੋਗੀਸ਼ਵਰ ਅਤੇ ਸਾਰਿਆਂ ਨੂੰ ਸ਼ਰਣ ਦੇਣ ਵਾਲੇ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਮੈਂ ਧਿਆਨ ਅਧਿਐਨ (ਧਿਆਨ ਸ਼ਤਕ) ਦੀ ਰਚਨਾ ਕਰਦਾ ਹਾਂ। - 1

ਮਨ ਦਾ ਇਕਾਗਰ ਹੋਣਾ ਧਿਆਨ ਹੈ, ਇਸ ਤੋਂ ਉਲਟ, ਚੰਚਲ ਹੋਣਾ ਭਾਵਨਾ, ਅਨੁਪ੍ਰੇਕਸ਼ਾ ਜਾਂ ਚਿੰਤਾ ਹੈ। - 2

ਕਿਸੇ ਵਸਤੂ ਵਿੱਚ ਥੋੜ੍ਹੀ ਦੇਰ ਲਈ ਮਨ ਲਾਉਣਾ, ਸੰਸਾਰਿਕ ਪ੍ਰਾਣੀਆਂ ਦਾ ਧਿਆਨ ਅਖਵਾਉਂਦਾ ਹੈ। ਇਸ ਤੋਂ ਉਲਟ ਯੋਗਾਂ (ਮਨ, ਬਚਨ, ਕਾਇਆ) ਭਾਵ ਦੇਹ ਦੇ ਸਬੰਧ ਵਿੱਚ ਜੀਵਾਂ ਦੇ ਵਿਵਹਾਰ ਦੇ ਨਸ਼ਟ ਹੋ ਜਾਣ ਕਾਰਨ, ਚਿੱਤ ਦਾ ਨਾ ਹੋਣ ਨੂੰ ਜਿਨੇਂਦਰ ਪ੍ਰਮਾਤਮਾ ਨੇ ਧਿਆਨ ਕਿਹਾ ਹੈ। - 3

ਸੰਸਾਰਿਕ ਪ੍ਰਾਣੀ ਥੋੜ੍ਹੀ ਦੇਰ ਲਈ ਧਿਆਨ ਤੋਂ ਦੂਰ ਹੋ ਜਾਂਦੇ ਹਨ। ਉਨ੍ਹਾਂ ਦਾ ਚਿੱਤ ਜਾਂ ਚਿੰਤਾ ਸੰਕ੍ਰਮਿਤ (ਪ੍ਰਭਾਵਿਤ) ਹੋ ਜਾਂਦਾ ਹੈ ਕਿਉਂਕਿ ਅੰਦਰ, ਬਾਹਰ ਦੀਆਂ ਚੀਜ਼ਾਂ ਦੀ ਘਾਟ ਨਹੀਂ ਹੈ, ਇਸੇ ਲਈ ਚਿੱਤ ਦਾ ਇਹ ਸੰਕ੍ਰਮਣ ਹੁੰਦਾ ਹੈ। ਇਹ ਸਿਲਸਿਲਾ ਲੰਬੇ ਸਮੇਂ ਤੱਕ ਚੱਲਦਾ ਹੈ। - 4

ਧਿਆਨ ਚਾਰ ਪ੍ਰਕਾਰ ਦੇ ਹਨ :- ਆਰਤ, ਰੋਦਰ, ਧਰਮ ਅਤੇ ਸ਼ੁਕਲ। ਆਰਤ ਤੇ ਰੋਦਰ ਧਿਆਨ ਸੰਸਾਰ ਵੱਲ ਅਤੇ ਧਰਮ ਅਤੇ ਸ਼ੁਕਲ ਧਿਆਨ ਮੁਕਤੀ ਵੱਲ ਲਿਜਾਣ ਵਾਲੇ ਹੁੰਦੇ ਹਨ। - 5

(ਆਰਤ ਧਿਆਨ ਚਾਰ ਪ੍ਰਕਾਰ ਦਾ ਹੈ) ਦਵੇਸ਼ ਤੋਂ ਅਪਵਿੱਤਰ ਆਦਮੀ ਦੀਆਂ ਇੰਦਰੀਆਂ ਨੂੰ ਵਿਸ਼ੇ-ਵਿਕਾਰਾਂ ਦੇ ਵਿਯੋਗ ਦੀ ਚਿੰਤਾ ਵਿੱਚ ਰਹਿਣਾ ਅਤੇ ਵਿਸ਼ੇ-ਵਿਕਾਰਾਂ

ਦੇ ਲਈ ਗੁੰਮ ਜਾਣ ਦਾ ਬਾਰ-ਬਾਰ ਫਿਕਰ ਹੋਣਾ ਆਰਤ ਰੋਦਰ ਧਿਆਨ ਦਾ ਪਹਿਲਾ ਪ੍ਰਕਾਰ ਹੈ। - 6

ਸਿਰ ਦਰਦ ਜਿਵੇਂ ਕਿਸੇ ਦਰਦ ਨੂੰ ਮਿਟਾਉਣ ਦੇ ਲਈ ਲਗਾਤਾਰ ਸੋਚਣਾ ਅਤੇ ਫਿਰ ਮਿਟ ਜਾਵੇ ਅਤੇ ਨਾ ਹੋਵੇ, ਇਹ ਚਿੰਤਾ ਆਰਤ ਧਿਆਨ ਦੀ ਦੂਜੀ ਕਿਸਮ ਹੈ। - 7

ਪ੍ਰਾਪਤ ਵਿਸ਼ਿਆਂ ਦਾ ਵਿਯੋਗ ਨਾ ਹੋਵੇ, ਇਸ ਲਈ ਰਾਗੀ ਮਨੁੱਖ ਲਗਾਤਾਰ ਚਿੰਤਨ ਕਰਦਾ ਰਹਿੰਦਾ ਹੈ। ਸੰਯੋਗ ਨਾ ਹੋਵੇ ਤਾਂ ਸੰਯੋਗ ਦੀ ਪ੍ਰਾਪਤੀ ਦੀ ਇੱਛਾ ਕਰਦਾ ਹੈ। ਇਹ ਆਰਤ ਧਿਆਨ ਦਾ ਤੀਜਾ ਪ੍ਰਕਾਰ ਹੈ। - 8

ਦੇਵਇੰਦਰ ਅਤੇ ਚੱਕਰਵਰਤੀਆਂ ਦੇ ਗੁਣਾਂ ਅਤੇ ਸੰਪਤੀਆਂ ਦੀ ਇੱਛਾ ਕਰਨ ਨਾਲ ਪੈਦਾ ਹੋਣ ਵਾਲਾ ਚਿੰਤਨ ਅਗਿਆਨ ਦਾ ਨਤੀਜਾ ਹੈ। ਇਹ ਆਰਤ ਧਿਆਨ ਦੀ ਚੌਥੀ ਅਤੇ ਮਾੜੀ ਕਿਸਮ ਹੈ। - 9

ਇਹ ਚਾਰ ਪ੍ਰਕਾਰ ਦਾ ਆਰਤ, ਧਿਆਨ, ਰਾਗ, ਦਵੇਸ਼ ਅਤੇ ਮੋਹ ਦੀ ਕਾਲਖ ਵਿਅਕਤੀਆਂ ਨੂੰ ਹੁੰਦਾ ਹੈ। ਆਰਤ ਧਿਆਨ ਪਸ਼ੂ ਗਤੀ ਦਾ ਅਤੇ ਜਨਮ ਮਰਨ ਵਿੱਚ ਵਾਧੇ ਦਾ ਮੂਲ ਕਾਰਨ ਹੈ। - 10

ਮੁਨੀ ਲੋਕ ਰਾਗ ਦਵੇਸ਼ ਤੋਂ ਨਿਰਪੱਖ ਰਹਿੰਦੇ ਹਨ। ਉਹ ਜਾਣਦੇ ਹਨ ਕਿ ਹਰ ਚੀਜ਼ ਪਿਛਲੇ ਜਨਮ ਦੇ ਕਰਮਾਂ ਦਾ ਫ਼ਲ ਹੈ। ਇਸ ਲਈ ਉਹ ਵਸਤੂ ਸੁਭਾਅ ਦੇ ਚਿੰਤਨ ਵਿੱਚ ਲੀਨ ਰਹਿੰਦੇ ਹੋਏ ਸਭ ਕੁਝ ਸਮਤਾਪੂਰਵਕ ਸਹਿਣ ਕਰਦੇ ਹਨ। - 11

ਜੇ ਕੋਈ ਸਾਧੂ ਪ੍ਰਾਪਤੀ ਦੀ ਇੱਛਾ ਤੋਂ ਰਹਿਤ ਹੈ ਅਤੇ ਗਿਆਨ ਦੀ ਚੰਗੀ ਸਹਾਇਤਾ ਨਾਲ ਤਪ ਅਤੇ ਸੰਯਮ ਦੇ ਰੂਪ ਵਿੱਚ ਉਪਰੋਕਤ ਪੀੜ ਨੂੰ ਦੂਰ ਕਰਦਾ ਹੈ ਤਾਂ ਉਸ ਨੂੰ ਘੱਟ ਅਤੇ ਜ਼ਰੂਰੀ ਪਾਪਾਂ ਦਾ ਸਹਾਰਾ ਲੈਣਾ ਪੈਂਦਾ ਹੈ। ਉਸ ਦਾ ਫ਼ਲ ਧਰਮ ਧਿਆਨ ਹੈ, ਉਹ ਆਰਤ ਧਿਆਨ ਨਹੀਂ ਹੈ। - 12

ਰਾਗ, ਦਵੇਸ਼ ਅਤੇ ਮੋਹ ਨੂੰ ਸੰਸਾਰ ਦਾ ਕਾਰਨ ਮੰਨਿਆ ਗਿਆ ਹੈ। ਇਹ ਤਿੰਨੋ ਆਰਤ ਧਿਆਨ ਵਿੱਚ ਹੀ ਫਲਦੇ-ਫੁੱਲਦੇ ਹਨ। ਇਸ ਲਈ ਆਰਤ ਧਿਆਨ ਨੂੰ ਸੰਸਾਰ ਰੂਪੀ ਦਰਖ਼ਤ ਦਾ ਬੀਜ ਕਿਹਾ ਜਾਂਦਾ ਹੈ। - 13

ਕਰਮਾਂ ਦੇ ਉਦੈ (ਪ੍ਰਗਟ) ਹੋਣ 'ਤੇ ਆਰਤ ਧਿਆਨੀ ਨੂੰ ਕਪੋਤ, ਨੀਲ ਅਤੇ ਕ੍ਰਿਸ਼ਨ ਲੇਸ਼ਿਆਵਾਂ (ਮਨ ਦੇ ਉਤਾਰ-ਚੜਾਵ) ਹੁੰਦੀਆਂ ਹਨ, ਹਨ ਪਰ ਉਸ ਵਿੱਚ ਉਹ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਹੁੰਦੇ ਜਿੰਨੇ ਰੋਦਰ ਧਿਆਨੀ ਹੁੰਦੇ ਹਨ। - 14

ਰੋਣਾ, ਪਿੱਟਣਾ, ਸੋਗ, ਤਾੜਨਾ, ਦਬਾਉਣਾ ਇਹ ਆਰਤ ਧਿਆਨ ਦੇ ਲੱਛਣ ਹਨ। ਇਹ ਲੱਛਣ ਚੰਗੇ ਦੇ ਵਿਯੋਗ ਅਤੇ ਮਾੜੇ ਨੂੰ ਸੰਯੋਗ ਵਿੱਚ ਕਸ਼ਟ ਪੈਦਾ ਕਰਦੇ ਹਨ। - 15

ਆਰਤ ਧਿਆਨੀ ਆਪਣੇ ਕੀਤੇ ਹੋਏ ਕਰਮਾਂ ਦੀ ਨਿੰਦਾ ਅਤੇ ਦੂਸਰਿਆਂ ਦੀ ਸੰਪਤੀ ਦੀ ਹੈਰਾਨੀ ਨਾਲ ਪ੍ਰਸ਼ੰਸਾ ਕਰਦਾ ਹੈ। ਉਹ ਉਸ ਸੰਪਤੀ ਨੂੰ ਪਾਉਣ ਦੀ ਇੱਛਾ ਕਰਦਾ ਹੈ। ਉਸ ਦੇ ਪ੍ਰਤੀ ਮੋਹ ਰੱਖਦਾ ਹੈ। ਉਸ ਨੂੰ ਪਾਉਣ ਲਈ ਤਿਆਰ ਰਹਿੰਦਾ ਹੈ। - 16

ਆਰਤ ਧਿਆਨੀ ਇੰਦਰੀਆਂ ਦੇ ਵਿਸ਼ੇ ਦੇ ਮੋਹ ਵਿੱਚ ਪਿਆ ਰਹਿੰਦਾ ਹੈ। ਸੱਚੇ ਧਰਮ ਤੋਂ ਬੇਮੁੱਖ ਹੋ ਜਾਂਦਾ ਹੈ। ਪ੍ਰਮਾਧ ਵਿੱਚ ਪੈ ਜਾਂਦਾ ਹੈ। ਜੈਨ ਧਰਮ ਦੀ ਜ਼ਰੂਰਤ ਨੂੰ ਮਹਿਸੂਸ ਨਹੀਂ ਕਰਦਾ। ਉਹ ਆਰਤ ਧਿਆਨ ਵਿੱਚ ਲੱਗਿਆ ਰਹਿੰਦਾ ਹੈ। - 17

ਆਰਤ ਧਿਆਨ ਅਵਿਰਤ, ਦੇਸ਼ਵਿਰਤ ਅਤੇ ਪ੍ਰਮੱਤ (ਅਣਗਹਿਲੀ) ਸੰਯਮੀ ਜੀਵਾਂ ਨੂੰ ਹੁੰਦਾ ਹੈ। ਆਰਤ ਧਿਆਨ ਸਾਰੇ ਪ੍ਰਮਾਦਾਂ (ਅਣਗਹਿਲੀਆਂ) ਦੀ ਜੜ ਹੈ। ਮੁਨੀ ਅਤੇ ਸ਼੍ਰਾਵਕ (ਉਪਾਸਕ) ਨੂੰ ਇਸ ਤੋਂ ਬਚਣਾ ਚਾਹੀਦਾ ਹੈ। - 18

ਤੇਜ ਕ੍ਰੋਧ ਦੇ ਵੱਸ ਵਿੱਚ ਨਿਰਦਈ ਹਿਰਦੇ ਵਾਲਾ ਜੀਵ ਹੋਰ ਜੀਵਾਂ ਦੇ ਬੱਧ (ਕਤਲ) ਵੇਦ (ਛੇਦਣਾ), ਬੰਧਣ (ਬੰਨ੍ਹਣਾ), ਦਹਿਣ (ਅੱਗ ਲਾਉਣਾ), ਅੰਕਣ (ਨਿਸ਼ਾਨ

ਲਾਉਣਾ), ਮਾਰਨ ਆਦਿ ਦਾ ਵਿਚਾਰ ਆਉਣਾ ਹਿੰਸਾਨੁਬੰਧੀ ਨਾਉਂ ਦਾ ਪਹਿਲਾ ਰੋਦਰ ਧਿਆਨ ਹੈ। ਇਸ ਰੋਦਰ ਧਿਆਨ ਦਾ ਸਿੱਟਾ ਬਹੁਤ ਭੈੜਾ ਹੁੰਦਾ ਹੈ। - 19

ਦੂਸਰੇ ਨੂੰ ਠੱਗਣ ਵਿੱਚ ਤੇਜ, ਧੋਖੇਬਾਜ ਅਤੇ ਭਿੰਨ-ਭਿੰਨ ਪਾਪਾਂ ਵਾਲੀ ਆਤਮਾ ਵਾਲੇ ਜੀਵ ਦਾ ਬੁਰਾ, ਅਸੱਭਿਅਤਾ ਰਹਿਤ, ਝੂਠ ਅਤੇ ਪ੍ਰਾਣ ਘਾਤਕ ਵਚਨਾਂ ਵਿੱਚ ਲੱਗੇ ਰਹਿਣਾ, ਮ੍ਰਿਸ਼ਾਨੁਬੰਧੀ (ਝੂਠ) ਨਾਉਂ ਦਾ ਦੂਸਰਾ ਰੋਦਰ ਧਿਆਨ ਹੈ। - 20

ਤੇਜ ਕ੍ਰੋਧ ਅਤੇ ਲੋਭ ਤੋਂ ਵਿਆਕੁਲ ਮਨੁੱਖ ਦੇ ਚਿੱਤ ਦਾ ਦੂਸਰਿਆਂ ਦੇ ਧਨ ਨੂੰ ਚੋਰੀ ਕਰਨ ਜਿਹਾ, ਨੀਂਵੇਂ ਕਰਮ ਵਿੱਚ ਲੱਗੇ ਰਹਿਣਾ ਸਤੇਯਾਨੁਬੰਧੀ (ਚੋਰੀ ਕਰਨਾ) ਨਾਉਂ ਦਾ ਤੀਸਰਾ ਰੋਦਰ ਧਿਆਨ ਹੈ। ਅਜਿਹਾ ਰੋਦਰ ਧਿਆਨੀ ਪਰਲੋਕ ਵਿੱਚ ਹੋਣ ਵਾਲੀ ਦੁਰਗਤੀ ਦੀ ਵੀ ਚਿੰਤਾ ਨਹੀਂ ਕਰਦਾ। - 21

ਇੰਦਰੀਆਂ ਦੇ ਵਿਸ਼ੇ ਧਨ ਤੋਂ ਪੂਰੇ ਹੁੰਦੇ ਹਨ। ਇਸ ਲਈ ਵਿਸ਼ਿਆਂ ਵਿੱਚ ਲੱਗਿਆ ਜੀਵ ਧਨ ਦੀ ਰਾਖੀ ਦਾ ਉੱਦਮ ਕਰਦਾ ਰਹਿੰਦਾ ਹੈ। ਉਹ ਸਭ ਪਾਸਿਓਂ ਸ਼ੰਕਾਵਾਨ ਰਹਿੰਦਾ ਹੈ। ਉਸ ਦੇ ਮਨ ਵਿੱਚ ਸਭ ਨੂੰ ਮਾਰਨ ਦਾ ਵਿਚਾਰ ਆਉਂਦਾ ਹੈ। ਇਹ ਵਿਸ਼ੇ ਸਰੰਕਸ਼ਨਾਨੁਬੰਧੀ ਨਾਉਂ ਦਾ ਚੌਥਾ ਰੋਦਰ ਧਿਆਨ ਹੈ। - 22

ਉਪਰੋਕਤ ਚਾਰ ਪ੍ਰਕਾਰ ਦਾ ਰੋਦਰ ਧਿਆਨ ਕ੍ਰਿਤ (ਕਰਨਾ), ਕਾਰਿਤ (ਕਰਵਾਉਣਾ), ਅਨੁਮੋਦਨ (ਕੀਤੇ ਦੀ ਤਾਰੀਫ਼ ਕਰਨਾ) ਇਨ੍ਹਾਂ ਤਿੰਨ ਤਰ੍ਹਾਂ ਨਾਲ ਸਾਹਮਣੇ ਆਉਂਦਾ ਹੈ। ਇਹ ਅਵਿਰਤ ਅਤੇ ਦੇਸ਼ਤ (ਕੁਝ ਅੰਸ਼), ਅਸੰਯਮ ਭਾਵ ਪੰਜਵੇਂ ਗੁਣਸਥਾਨ ਤੱਕ ਦੇ ਸ਼੍ਰਾਵਕਾਂ (ਉਪਾਸਕਾਂ) ਦੇ ਮਨ ਨੂੰ ਹੁੰਦਾ ਹੈ। - 23

ਉਪਰੋਕਤ ਚਾਰ ਪ੍ਰਕਾਰ ਦਾ ਰੋਦਰ ਧਿਆਨ ਰਾਗ, ਦਵੇਸ਼ ਅਤੇ ਮੋਹ ਤੋਂ ਵਿਆਕੁਲ ਜੀਵਾਂ ਵਿੱਚ ਹੁੰਦਾ ਹੈ। ਇਹ ਜਨਮ ਮਰਨ ਵਧਾਉਣ ਵਾਲਾ ਅਤੇ ਨਰਕ ਗਤੀ ਦਾ ਮੂਲ ਹੈ। - 24

ਰੋਦਰ ਧਿਆਨ ਵਿੱਚ ਫ਼ਸੇ ਜੀਵ ਦੇ ਕਰਮ ਫ਼ਲ ਦੇਣ 'ਤੇ ਹੋਣ ਵਾਲੀ ਕਪੋਤ, ਨੀਲ, ਕ੍ਰਿਸ਼ਨ ਇਹ ਤਿੰਨ ਅਤਿ-ਲਿਬੜੀਆਂ ਲੇਸ਼ਿਆਵਾਂ ਹੁੰਦੀਆਂ ਹਨ। - 25

ਰੋਦਰ ਧਿਆਨੀ ਨੂੰ ਉਤਸੰਨ ਦੋਸ਼, ਬਹੁਲ ਦੋਸ਼, ਨਾਨਾ ਬਿਧ (ਭਿੰਨ-ਭਿੰਨ ਪ੍ਰਕਾਰ) ਦੋਸ਼ ਅਤੇ ਆਮਰਨ ਦੋਸ਼ ਹੁੰਦੇ ਹਨ। ਇਹ ਦੋਸ਼ ਉਸ ਦੇ ਬਾਹਰੀ ਲੱਛਣ ਹਨ। - 26

ਰੋਦਰ ਧਿਆਨ ਵਿੱਚ ਲੱਗੇ ਮਨੁੱਖ ਨੂੰ ਦੂਸਰਿਆਂ 'ਤੇ ਆਈ ਹੋਈ ਬਿਪਤਾ ਨਾਲ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਉਹ ਨਿਰਪੱਖ ਅਤੇ ਨਿਰਦਈ ਹੁੰਦਾ ਹੈ। ਉਸ ਨੂੰ ਅਜਿਹਾ ਕਰਨ ਦਾ ਕੋਈ ਪਛਤਾਵਾ ਨਹੀਂ ਹੁੰਦਾ। - 27

ਮੁਨੀਆਂ ਨੂੰ ਚਾਹੀਦਾ ਹੈ ਕਿ ਉਹ ਭਾਵ, ਦੇਸ਼, ਕਾਲ, ਆਸਨ, ਆਲੰਬਨ (ਸਹਾਰਾ), ਸਿਲਸਿਲਾ, ਧਿਆਨ ਕਰਨ ਵਾਲਾ, ਜਿਸ ਦਾ ਧਿਆਨ ਕੀਤਾ ਜਾਵੇ, ਅਨੁਪ੍ਰੇਕਸ਼ਾ, ਲੇਸ਼ਿਆ, ਲਿੰਗ ਅਤੇ ਫ਼ਲ ਨੂੰ ਜਾਣ ਕੇ ਧਰਮ ਧਿਆਨ ਵਿੱਚ ਲੱਗੇ, ਧਰਮ ਧਿਆਨ ਦਾ ਅਭਿਆਸ ਕਰਨ ਤੋਂ ਬਾਅਦ ਉਸ ਨੂੰ ਸ਼ੁਕਲ ਧਿਆਨ ਵੱਲ ਵਧਣਾ ਚਾਹੀਦਾ ਹੈ। - 28, 29

ਜੇ ਧਿਆਨ ਤੋਂ ਪਹਿਲਾਂ ਭਾਵਨਾਵਾਂ ਦਾ ਅਭਿਆਸ ਹੋ ਜਾਵੇ, ਤਾਂ ਧਿਆਨ ਦੀ ਯੋਗਤਾ ਆ ਜਾਂਦੀ ਹੈ। ਇਹ ਭਾਵਨਾਵਾਂ ਸੱਮਿਅਕ ਗਿਆਨ, ਸੱਮਿਅਕ ਦਰਸ਼ਨ, ਸੱਮਿਅਕ ਚਰਿੱਤਰ ਅਤੇ ਵੈਰਾਗ ਨਾਲ ਸਬੰਧਤ ਹਨ। - 30

ਸ਼ਰੁਤ ਗਿਆਨ (ਗ੍ਰੰਥਾਂ ਦਾ ਗਿਆਨ) ਦੇ ਰੋਜ਼ ਅਭਿਆਸ ਨਾਲ ਮਨ ਦੀ ਧਾਰਨਾ ਸ਼ਕਤੀ ਵਧਦੀ ਹੈ। ਗਿਆਨ ਤੋਂ ਵਿਸ਼ੁੱਧੀ ਪ੍ਰਾਪਤ ਹੁੰਦੀ ਹੈ। ਗਿਆਨ ਹੀ ਸਾਨੂੰ ਗੁਣਾਂ ਦੇ ਸਾਰ ਤੱਕ ਪਹੁੰਚਾਉਂਦਾ ਹੈ। ਸਿੱਟੇ ਵਜੋਂ ਸਥਿਰ ਬੁੱਧੀ ਨਾਲ ਧਿਆਨ ਕਰਨਾ ਸੰਭਵ ਹੋ ਜਾਂਦਾ ਹੈ। - 31

ਸ਼ੰਕਾ ਆਦਿ ਦੋਸ਼ਾਂ ਤੋਂ ਰਹਿਤ ਅਤੇ ਸ਼੍ਰਮ, ਮਜਬੂਤੀ ਆਦਿ ਗੁਣਾਂ ਨਾਲ ਭਰਪੂਰ ਵਿਅਕਤੀ ਨੂੰ ਸਮਿਅਕ ਦਰਸ਼ਨ (ਸ਼ਰਧਾ) ਦੀ ਵਿਸ਼ੁੱਧੀ ਹੁੰਦੀ ਹੈ। ਸਿੱਟੇ ਵਜੋਂ ਉਹ ਆਪਣੇ ਧਿਆਨ ਵਿੱਚ ਭਟਕਣ ਤੋਂ ਬਚ ਜਾਂਦਾ ਹੈ। - 32

ਚਾਰਿੱਤਰ ਭਾਵਨਾ ਤੋਂ ਨਵੇਂ ਕਰਮਾਂ ਦਾ ਆਉਣਾ ਰੁਕ ਜਾਂਦਾ ਹੈ। ਪਿਛਲੇ ਕੀਤੇ ਕਰਮਾਂ ਦੀ ਨਿਰਜਰਾ (ਝੜਨਾ) ਹੁੰਦੀ ਹੈ। ਸ਼ੁਭ ਕਰਮਾਂ ਅਤੇ ਧਿਆਨ ਦੀ ਪ੍ਰਾਪਤੀ ਵੀ ਸਹਿਜ ਹੋ ਜਾਂਦੀ ਹੈ। - 33

ਸੰਸਾਰ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਸਮਝ ਲੈਣ ਅਤੇ ਵਿਸ਼ਿਆਂ ਵਿੱਚ ਲੱਗੇ, ਭੈਅ ਅਤੇ ਕਾਮਨਾਵਾਂ ਤੋਂ ਮੁਕਤ ਹੋਣ 'ਤੇ ਦਿਲ ਵਿੱਚ ਵੈਰਾਗ ਭਾਵ ਉਤਪੰਨ ਹੋ ਜਾਂਦਾ ਹੈ। ਸਿੱਟੇ ਵਜੋਂ ਧਿਆਨ ਵਿੱਚ ਸਥਿਰਤਾ ਆ ਜਾਂਦੀ ਹੈ। - 34

ਨੌਜਵਾਨ ਲੜਕੀਆਂ, ਪਸ਼ੂਆਂ, ਹਿਜੜਿਆਂ ਅਤੇ ਨਿੰਦਣਯੋਗ ਆਚਰਣ ਕਰਨ ਵਾਲੇ ਮਨੁੱਖਾਂ ਤੋਂ ਖ਼ਾਲੀ ਜਗ੍ਹਾ 'ਤੇ ਰਹਿਣਾ ਸਾਧੂ ਲਈ ਯੋਗ ਮੰਨਿਆ ਗਿਆ ਹੈ। ਧਿਆਨ ਦੇ ਸਮੇਂ ਤਾਂ ਉਹ ਵਿਸ਼ੇਸ਼ ਰੂਪ ਵਿੱਚ ਇਨ੍ਹਾਂ ਥਾਵਾਂ ਤੋਂ ਰਹਿਤ ਹੋਣਾ ਚਾਹੀਦਾ ਹੈ। - 35

ਪਰ ਜੋ ਸਾਧੂ ਯੋਗ ਵਿੱਚ ਸਥਿਰਤਾ ਅਤੇ ਧਿਆਨ ਵਿੱਚ ਚਿੰਤਾ ਰਹਿਤ ਹੋ ਚੁੱਕੇ ਹਨ, ਉਨ੍ਹਾਂ ਦੇ ਲਈ ਬਸਤੀ ਅਤੇ ਜੰਗਲ ਵਿੱਚ ਕੋਈ ਫ਼ਰਕ ਨਹੀਂ। - 36

ਭੀੜ-ਭਾੜ ਰੂਪੀ ਰੁਕਾਵਟ, ਪ੍ਰਾਣੀ ਹਿੰਸਾ, ਝੂਠ ਆਦਿ ਤੋਂ ਰਹਿਤ ਉਹ ਜਗ੍ਹਾ ਜਿੱਥੇ ਮਨ, ਵਚਨ ਅਤੇ ਕਾਇਆ ਦੇ ਯੋਗਾਂ ਦਾ ਹੱਲ ਹੋਵੇ, ਧਿਆਨ ਦੇ ਲਈ ਯੋਗ ਹੈ। - 37

ਮਨ, ਵਚਨ ਅਤੇ ਕਾਇਆ ਦੇ ਯੋਗ ਦਾ ਸ੍ਰੇਸ਼ਠ ਹੱਲ (ਕਾਰਨ) ਕਾਰਕ ਸਮੇਂ ਹੀ ਧਿਆਨ ਦੇ ਯੋਗ ਹੈ। ਧਿਆਨ ਦੇ ਲਈ ਦਿਨ, ਰਾਤ, ਸਮਾਂ ਆਦਿ ਕੋਈ ਨਿਯਮ ਨਹੀਂ। - 38

ਰੁੱਝੀ ਹੋਈ ਅਵਸਥਾ ਵਿੱਚ ਰੁਕਾਵਟ ਰਹਿਤ ਧਿਆਨ ਸੰਭਵ ਹੋਵੇ, ਉਸੇ ਅਵਸਥਾ ਵਿੱਚ ਧਿਆਨ ਕਰਨਾ ਚਾਹੀਦਾ ਹੈ। ਇਸ ਵਿੱਚ ਬੈਠੇ ਜਾਂ ਖੜ੍ਹੇ ਰਹਿਣ ਦੇ ਕਿਸੇ ਖਾਸ ਆਸਨ ਦਾ ਮਹੱਤਵ ਨਹੀਂ। - 39

ਮੁਨੀਆਂ ਨੇ ਭਿੰਨ ਭਿੰਨ ਦੇਸ਼, ਕਾਲ ਅਤੇ ਸਰੀਰ ਦੀਆਂ ਭਿੰਨ ਭਿੰਨ ਅਵਸਥਾਵਾਂ ਵਿੱਚ ਸਥਿਤ ਰਹਿੰਦੇ ਹੋਏ, ਪਾਪਾਂ ਨੂੰ ਨਸ਼ਟ ਕਰਕੇ ਕੇਵਲ ਗਿਆਨ ਪ੍ਰਾਪਤ ਕੀਤਾ ਹੈ। ਇਸ ਲਈ ਆਗਮ ਵਿੱਚ ਧਿਆਨ ਦੇ ਲਈ ਦੇਸ਼, ਕਾਲ, ਆਸਨ ਆਦਿ ਦਾ ਕੋਈ ਨਿਯਮ ਨਹੀਂ ਦਿੱਤਾ ਗਿਆ ਹੈ। ਜਿਸ ਰਾਹੀਂ ਮਨ, ਵਚਨ ਅਤੇ ਕਾਇਆ ਦੇ ਯੋਗ ਦੀ ਪ੍ਰਾਪਤੀ ਹੋਵੇ, ਉਹੀ ਕੋਸ਼ਿਸ਼ ਕਰਨੀ ਚਾਹੀਦੀ ਹੈ। - 40, 41

ਵਾਚਨਾ, ਪ੍ਰਸ਼ਨ ਪੁੱਛਣਾ, ਸੂਤਰਾਂ ਦਾ ਅਭਿਆਸ, ਚਿੰਤਨ, ਮਨਣ, ਸਮਾਇਕ ਅਤੇ ਆਪਣੇ ਸੱਚੇ ਧਰਮ ਦੀਆਂ ਜਰੂਰੀ ਗੱਲਾਂ, ਇਹ ਧਿਆਨ ਦਾ ਅਲੰਬਨ (ਸਹਾਰਾ) ਹਨ। - 42

ਜਿਸ ਪ੍ਰਕਾਰ ਕੋਈ ਮਨੁੱਖ ਰੱਸੇ ਜਿਹੇ ਕਿਸੇ ਮਜਬੂਤ ਪਦਾਰਥ ਦਾ ਸਹਾਰਾ ਲੈ ਕੇ ਔਖੀ ਚੜ੍ਹਾਈ ਚੜ੍ਹ ਜਾਂਦਾ ਹੈ, ਉਸੇ ਪ੍ਰਕਾਰ ਧਿਆਨ ਦਾ ਸਾਧਕ ਆਗਮਾਂ ਦਾ ਸਹਾਰਾ ਲੈ ਕੇ ਉੱਚ ਧਿਆਨ ਤੱਕ ਪਹੁੰਚ ਜਾਂਦਾ ਹੈ। - 43

ਮੋਕਸ਼ ਹੋਣ ਤੋਂ ਠੀਕ ਪਹਿਲਾਂ ਕੇਵਲ ਗਿਆਨ ਦੇ (ਸ਼ੁਕਲ) ਧਿਆਨ ਦੀ ਪ੍ਰਾਪਤੀ ਦਾ ਕ੍ਰਮ ਮਨੋ ਯੋਗ (ਵਚਨ ਅਤੇ ਸਰੀਰ) ਆਦਿ ਦਾ ਨਿਗ੍ਰਹਿ (ਰੋਕਣਾ) ਹੈ। ਬਾਕੀ (ਧਰਮ ਧਿਆਨ) ਦੇ ਲਈ ਉਸ ਦੀ ਪ੍ਰਾਪਤੀ ਦਾ ਕ੍ਰਮ ਸਮਾਧੀ ਦੇ ਅਨੁਸਾਰ ਹੈ। - 44

ਜ਼ਿਆਦਾ ਨਿਪੁੰਨ (ਮਾਹਿਰ), ਨਾ-ਨਸ਼ਟ ਹੋਣ ਵਾਲਾ, ਪ੍ਰਾਣੀ ਮਾਤਰ ਦਾ ਹਿਤਕਾਰੀ, ਸੱਚ ਨੂੰ ਪ੍ਰਗਟ ਕਰਨ ਵਾਲੀ, ਅਮੁੱਲ, ਅਮਿਤ, ਅਜਿੱਤ, ਮਹਾਨ ਅਰਥਾਂ ਵਾਲੇ, ਮਹਾਂਪੁਰਸ਼, ਮਹਾਨ ਵਿਸ਼ਿਆਂ ਵਾਲੀ ਅਤੇ ਲੋਕ ਨੂੰ ਪ੍ਰਕਾਸ਼ਿਤ ਕਰਨ ਵਾਲੀ ਜਿਨੇਂਦਰ ਭਗਵਾਨ ਦੀ ਨਿਰਦੋਸ਼ ਬਾਣੀ ਦਾ ਧਿਆਨ ਕਰਨਾ ਚਾਹੀਦਾ ਹੈ। ਨਯ, ਭੰਗ, ਪ੍ਰਮਾਣ ਅਤੇ ਗਮ ਤੋਂ ਡੂੰਘੀ ਉਹ ਨਿਰਦੋਸ਼ ਬਾਣੀ ਅਗਿਆਨੀਆਂ ਪ੍ਰਾਪਤ ਨਹੀਂ ਹੋ ਸਕਦੀ। - 45, 46

ਬੁੱਧੀ ਦੀ ਕਮਜ਼ੋਰੀ, ਵਸਤੂ ਸਰੂਪ ਦਾ ਵਿਸ਼ਲੇਸ਼ਣ ਕਰਨ ਵਾਲੇ ਅਚਾਰਿਆ ਦੀ ਅਣਹੋਂਦ, ਗਿਆਨ ਦੇ ਵਿਸ਼ੇ ਪ੍ਰਤੀ ਗੰਭੀਰਤਾ, ਉਦਾਹਰਨਾਂ ਦੇ ਨਾ ਹੋਣ ਅਤੇ ਗਿਆਨਾਵਰਨੀਆ ਦੋਸ਼ ਦੇ ਪ੍ਰਗਟ ਹੋਣ ਕਾਰਨ ਤੱਤਵ ਨੂੰ ਸਮਝਣਾ ਸੰਭਵ ਨਹੀਂ ਹੈ ਤਾਂ ਵੀ ਇਹ ਚਿੰਤਨ ਕਰਨਾ ਚਾਹੀਦਾ ਹੈ। ਕਿ ਸਰਵੱਗਾਂ ਦੀ ਬਾਣੀ ਝੂਠ ਨਹੀਂ ਹੋ ਸਕਦੀ। – 47, 48

ਜਿਨੇਂਦਰ ਭਗਵਾਨ ਉਪਕਾਰ ਦੀ ਇੱਛਾ ਤੋਂ ਰਹਿਤ ਹੋ ਕੇ ਸੰਸਾਰ 'ਤੇ ਉਪਕਾਰ ਕਰਨ ਲਈ ਤੱਤਪਰ ਰਹਿੰਦੇ ਹਨ। ਉਹ ਰਾਗ, ਦਵੇਸ਼, ਮੋਹ ਨੂੰ ਜਿੱਤੇ ਚੁੱਕੇ ਹੁੰਦੇ ਹਨ। ਉਹ ਭਲਾ ਵਸਤੂ ਸਰੂਪ ਦੀ ਝੂਠ ਵਿਆਖਿਆ ਕਿਵੇਂ ਕਰਨਗੇ ? ਇਹ ਸੋਚਣਾ ਚਾਹੀਦਾ ਹੈ। – 49

ਤਿਆਗਣਯੋਗ ਦਾ ਤਿਆਗ ਕਰਨ ਵਾਲੇ ਧਰਮ ਧਿਆਨ ਦੇ ਸਾਧਕ ਨੂੰ ਇਹ ਵਿਚਾਰ ਕਰਦੇ ਰਹਿਣਾ ਚਾਹੀਦਾ ਹੈ ਕਿ ਰਾਗ, ਦਵੇਸ਼, ਕਸ਼ਾਏ (ਕ੍ਰੋਧ, ਮਾਣ, ਮਾਇਆ, ਲੋਭ) ਅਤੇ ਆਸ਼ਰਵਾਂ ਤੋਂ ਲਿੱਬੜੀ ਬਾਣੀ ਨਾਲ ਉਹ ਇਹ ਲੋਕ ਅਤੇ ਪਰਲੋਕ ਦੋਵੇਂ ਵਿਗਾੜ ਰਹੇ ਹਨ। – 50

ਧਰਮ ਧਿਆਨ ਦੇ ਸਾਧਕ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਪ੍ਰਕਿਰਤੀ, ਸਥਿਤੀ, ਪ੍ਰਦੇਸ਼ ਅਤੇ ਅਨੁਭਾਵ ਤੇ ਅਧਾਰਿਤ ਭੇਦਾਂ ਵਾਲੇ ਕਰਮ ਸ਼ੁਭ ਵੀ ਹੋ ਸਕਦੇ ਹਨ ਅਤੇ ਅਸ਼ੁਭ ਵੀ। ਯੋਗ ਅਤੇ ਅਨੁਭਾਵ ਤੋਂ ਉਤਪੰਨ ਹੋਣ ਵਾਲੇ ਕਰਮ ਫਲ 'ਤੇ ਵਿਚਾਰ ਕਰਦੇ ਰਹਿਣਾ ਚਾਹੀਦਾ ਹੈ। – 51

ਜਿਨੇਂਦਰ ਭਗਵਾਨ ਦੁਆਰਾ ਫੁਰਮਾਏ ਗਏ ਦ੍ਰਵ ਲੱਛਣ, ਆਕਾਰ, ਆਸਨ, ਵਿਧਾਨ, ਮਾਨ ਅਤੇ ਉਤਪਾਦ (ਪੈਦਾ ਹੋਣਾ), ਵਿਆਇ (ਖ਼ਰਚ ਹੋਣਾ) ਅਤੇ ਧਰੁਵੇ (ਫਿਰ ਪੈਦਾ ਹੋਣਾ) 'ਤੇ ਅਧਾਰਤ ਪਰਿਆਇ (ਇੱਕ ਦਰਵ ਦੇ ਭਿੰਨ ਭਿੰਨ ਅਕਾਰ) ਵੀ ਧਰਮ ਧਿਆਨੀ ਦੇ ਵਿਚਾਰ ਦੇ ਵਿਸ਼ੇ ਹੋਣੇ ਚਾਹੀਦੇ ਹਨ। – 52

ਜਿਨੇਂਦਰ ਭਗਵਾਨ ਨੇ ਪੰਚਆਸਤੀ ਕਾਇਆ (ਅਜੀਵ, ਅਧਰਮ, ਪੁਦਗਲ, ਕਾਲ, ਅਕਾਸ਼) ਲੋਕ ਨੂੰ ਅਨਾਦਿ ਅਤੇ ਅਨੰਤ ਕਿਹਾ ਹੈ। ਉਹ ਨਾਮ ਆਦਿ ਦੇ ਭੇਦ ਤੋਂ ਅੱਠ ਪ੍ਰਕਾਰ ਦਾ ਅਤੇ ਅਧੋ ਲੋਕ ਆਦਿ ਦੇ ਭੇਦ ਤੋਂ ਤਿੰਨ ਪ੍ਰਕਾਰ ਦਾ ਹੈ। ਇਸ ਪ੍ਰਕਾਰ ਦੇ ਵਿਸ਼ੇ 'ਤੇ ਧਰਮ ਧਿਆਨੀ ਨੂੰ ਵਿਚਾਰ ਕਰਦੇ ਰਹਿਣਾ ਚਾਹੀਦਾ ਹੈ। - 53

ਧਰਮ ਧਿਆਨ ਦੇ ਸਾਧਕ ਨੂੰ ਪ੍ਰਿਥਵੀ, ਵਾਯੂਮੰਡਲ, ਸਮੁੰਦਰ, ਨਰਕ, ਵਿਮਾਨ ਅਤੇ ਭਵਨ ਦੇ ਅਕਾਰ ਵਾਲੇ ਦ੍ਰਵ 'ਤੇ ਅਧਾਰਤ ਲੋਕ ਸਥਿਤੀ ਦੀ ਸ਼ਾਸਵਤ ਅਵਸਥਾ ਬਾਰੇ ਵਿਚਾਰ ਕਰਨਾ ਚਾਹੀਦਾ ਹੈ। - 54

ਜੀਵ ਦਾ ਲੱਛਣ ਉਪਯੋਗ ਭਾਵ ਗਿਆਨ ਦਰਸ਼ਨ ਹੈ। ਉਹ ਅਨਾਦਿ ਅਨੰਤ ਹੈ, ਸਰੀਰ ਤੋਂ ਭਿੰਨ ਅਤੇ ਅਰੂਪੀ ਹੈ, ਉਹ ਆਪਣੇ ਕਰਮਾਂ ਦਾ ਖੁਦ ਹੀ ਕਰਤਾ ਅਤੇ ਭੋਗਣ ਵਾਲਾ ਹੈ। - 55

ਜੀਵ ਦੇ ਕਰਮਾਂ ਤੋਂ ਉਤਪੰਨ ਹੋਏ ਸੰਸਾਰ ਰੂਪੀ ਸਮੁੰਦਰ ਵਿੱਚ ਜਨਮ ਮਰਨ ਰੂਪੀ ਪਾਣੀ, ਕਸ਼ਾਏ ਦੇ ਪਾਤਾਲ, ਦੁੱਖਾਂ ਦੇ ਹਿੰਸਕ ਪਾਣੀ ਵਾਲੇ ਜੀਵ ਅਤੇ ਮੋਹ ਦੀਆਂ ਲਹਿਰਾਂ ਹਨ। ਉਸ ਅਗਿਆਨ ਰੂਪੀ ਮਹਾਂ-ਭਿਅੰਕਰ ਹਵਾ ਦੇ ਕਾਰਨ ਮਿਲਣ ਵਿਛੜਣ ਦੀਆਂ ਲਹਿਰਾਂ ਲਗਾਤਾਰ ਉੱਠਦੀਆਂ ਰਹਿੰਦੀਆਂ ਹਨ। ਇਹ ਸੰਸਾਰ ਸਮੁੰਦਰ ਅਨਾਦਿ, ਅਨੰਤ ਅਤੇ ਅਸ਼ੁਭ ਹੈ। ਧਰਮ ਧਿਆਨ ਵਿੱਚ ਲੱਗੇ ਮਨੁੱਖ ਨੂੰ ਇਸ ਪ੍ਰਕਾਰ ਦਾ ਵਿਚਾਰ ਕਰਨਾ ਚਾਹੀਦਾ ਹੈ। - 56, 57

ਸੰਸਾਰ ਰੂਪੀ ਸਮੁੰਦਰ ਤੋਂ ਸਾਡਾ ਚਾਰਿੱਤਰ ਰੂਪੀ ਉਹ ਮਹਾਂ-ਜਹਾਜ਼ ਹੀ ਪਾਰ ਲੈ ਜਾ ਸਕਦਾ ਹੈ, ਜਿਸ ਨੂੰ ਚਲਾਉਣ ਵਾਲਾ ਗਿਆਨ ਹੋਵੇ, ਜਿਸ ਦੇ ਛੇਦਾਂ ਨੂੰ ਸੰਬਰ ਨੇ ਬੰਦ ਕਰ ਰੱਖਿਆ ਹੋਵੇ। ਜੋ ਤਪ ਰੂਪੀ ਹਵਾ ਦੇ ਕਾਰਨ ਤੇਜ ਵਾਲਾ ਹੋਵੇ, ਜੋ ਵੈਰਾਗ ਦੇ ਰਾਹ 'ਤੇ ਚੱਲ ਰਿਹਾ ਹੋਵੇ ਅਤੇ ਮਾੜੇ ਧਿਆਨ ਦੀਆਂ ਲਹਿਰਾਂ ਜਿਸ 'ਤੇ ਅਸਰ ਨਾ ਕਰ ਸਕਣ। ਅਸਲ ਵਿੱਚ ਉਹ ਸ਼ੀਲ ਵਾਲੇ ਅੰਗ ਰੂਪੀ ਬੇਹੱਦ

ਕੀਮਤੀ ਰਤਨਾਂ ਨਾਲ ਭਰੇ ਚਰਿੱਤਰ ਰੂਪੀ ਜਹਾਜ਼ 'ਤੇ ਚੜ੍ਹ ਕੇ ਮੁਨੀ ਰੂਪੀ ਵਪਾਰੀ, ਨਿਰਵਾਣ ਰੂਪੀ ਨਗਰ ਤੱਕ ਬਿਨਾਂ ਰੁਕਾਵਟ ਜਾ ਪਹੁੰਚਦੇ ਹਨ। 58, 59, 60

ਉਪਰੋਕਤ ਨਿਰਵਾਣ ਰੂਪੀ ਨਗਰ ਵਿੱਚ ਮੁਨੀ ਜਨ ਤਿੰਨ ਰਤਨਾਂ ਭਾਵ ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਸੱਮਿਅਕ ਚਰਿੱਤਰ ਦੇ ਉਪਯੋਗ ਸਰੂਪ, ਏਕਾਂਤ, ਰੁਕਾਵਟ ਰਹਿਤ, ਸੁਭਾਵਿਕ, ਅਨੁਪਮ ਅਤੇ ਨਾ-ਖ਼ਤਮ ਹੋਣ ਵਾਲੇ ਸੁੱਖ ਨੂੰ ਪ੍ਰਾਪਤ ਕਰਦੇ ਹਨ। - 61

ਜ਼ਿਆਦਾ ਕੀ ਆਖੀਏ, ਆਗਮ ਦਾ ਜੋ ਰਹੱਸ ਜੀਵ-ਅਜੀਵ ਆਦਿ ਪਦਾਰਥਾਂ ਆਦਿ ਦੇ ਵਿਸਥਾਰ ਅਤੇ ਸਾਰੇ ਨਯ ਦੇ ਸਮੂਹ ਆਦਿ ਦੇ ਰੂਪ ਵਿੱਚ ਹੈ, ਉਸ ਦਾ ਚਿੰਤਨ ਵੀ ਧਰਮ ਧਿਆਨ ਦੇ ਵਿੱਚ ਲੱਗੇ ਵਿਅਕਤੀ ਨੂੰ ਕਰਦੇ ਰਹਿਣਾ ਚਾਹੀਦਾ ਹੈ। - 62

ਸਾਰੇ ਪ੍ਰਮਾਦਾਂ ਤੋਂ ਰਹਿਤ, ਗਿਆਨ ਰੂਪੀ ਧਨ ਨਾਲ ਅਮੀਰ ਅਤੇ ਘੱਟ ਅਤੇ ਉਪਸ਼ਾਂਤ ਮੋਹ ਵਾਲੇ ਮੁਨੀਜਨ ਹੀ ਧਰਮ ਧਿਆਨ ਦੇ ਅਸਲ ਹੱਕਦਾਰ ਹਨ। - 63

ਧਰਮ ਧਿਆਨ ਦੇ ਲਈ ਉਪਰੋਕਤ ਧਿਆਨੀ ਪਹਿਲੇ ਅਤੇ ਦੂਸਰੇ ਸ਼ੁਕਲ ਧਿਆਨ ਦਾ ਧਿਆਤਾ ਹੈ। ਫ਼ਰਕ ਇਹ ਹੈ ਕਿ ਇਹ ਚਮਤਕਾਰੀ, ਮਹਾਨ ਸਰੀਰ ਵਾਲੇ ਹੁੰਦੇ ਹੋਏ, ਸ਼ਰੁੱਤ ਕੇਵਲੀ ਹੁੰਦੇ ਹਨ ਜਦਕਿ ਤੀਸਰੇ ਅਤੇ ਚੌਥੇ ਸ਼ੁਕਲ ਧਿਆਨ ਦੇ ਧਿਆਤਾ ਸਿਲਸਿਲੇਵਾਰ ਸੰਯੋਗੀ ਕੇਵਲੀ ਅਤੇ ਅਯੋਗੀ ਕੇਵਲੀ ਹੁੰਦੇ ਹਨ। - 64

ਧਰਮ ਧਿਆਨ ਦਾ ਆਨੰਦ ਮਾਨਣ ਵਾਲੇ ਮੁਨੀ ਧਿਆਨ ਦੇ ਵਿੱਚ ਸਥਿਤ ਨਾ ਰਹਿਣ 'ਤੇ ਅਨਿੱਤਯ ਆਦਿ ਭਾਵਨਾ ਦਾ ਚਿੰਤਣ ਕਰਨਾ ਚਾਹੀਦਾ ਹੈ। - 65

ਧਰਮ ਧਿਆਨ ਵਾਲੇ ਮੁਨੀ ਨੂੰ ਲਗਾਤਾਰ ਸ਼ੁੱਧੀ ਦੇਣ ਵਾਲੀਆਂ ਪੀਲੀ, ਪਦਮ ਅਤੇ ਸ਼ੁਕਲ ਲੇਸ਼ਿਆਵਾਂ ਹੁੰਦੀਆਂ ਹਨ। ਇਨ੍ਹਾਂ ਲੇਸ਼ਿਆਵਾਂ ਦੇ ਤੇਜ, ਹਲਕੇ ਆਦਿ ਭੇਦ ਹਨ। - 66

ਜਿਨੇਂਦਰ ਭਗਵਾਨ ਦੁਆਰਾ ਉਪਦੇਸ਼ ਕੀਤੇ ਜੀਵ ਅਜੀਵ ਆਦਿ ਪਦਾਰਥਾਂ ਵਿੱਚ ਆਗਮ, ਉਪਦੇਸ਼ ਅਤੇ ਆਗਿਆ ਤੋਂ ਉਤਪੰਨ ਹੋਣ ਵਾਲੀ ਜਾਂ ਸੁਭਾਵਿਕ ਉਤਪੰਨ ਹੋਣ ਵਾਲੀ ਸ਼ਰਧਾ, ਧਰਮ ਧਿਆਨ ਪ੍ਰਗਟ ਕਰਦੀ ਹੈ। – 67

ਜਿਨੇਂਦਰ ਭਗਵਾਨ ਅਤੇ ਮੁਨੀਆਂ ਦੇ ਕੀਰਤਨ, ਪ੍ਰਸੰਸਾ, ਵਿਨੈ ਅਤੇ ਦਾਨ ਤੋਂ ਸੰਪੰਨ ਹੁੰਦਾ ਹੋਇਆ ਜੋ ਵਿਅਕਤੀ ਸ਼ਰੁੱਤ, ਸ਼ੀਲ ਅਤੇ ਸੰਯਮ ਵਿੱਚ ਲੀਣ ਰਹਿੰਦਾ ਹੈ, ਉਸ ਨੂੰ ਧਰਮ ਧਿਆਨੀ ਸਮਝਣਾ ਚਾਹੀਦਾ ਹੈ। – 68

ਜੈਨ ਧਰਮ ਵਿੱਚ ਖ਼ਿਮਾ, ਮਾਰਧਵ (ਸਰਲਤਾ), ਆਰਜਵ ਅਤੇ ਮੁਕਤੀ ਦਾ ਮੁੱਖ ਮਹੱਤਵ ਹੈ। ਇਨ੍ਹਾਂ ਸਹਾਰਿਆਂ ਨਾਲ ਹੀ ਵਿਅਕਤੀ ਸ਼ੁਕਲ ਧਿਆਨ ਤੱਕ ਪਹੁੰਚਦਾ ਹੈ। – 69

ਸ਼ੁਕਲ ਧਿਆਨ ਵਿੱਚ ਸਥਿਰ ਰਹਿਣ ਵਾਲਾ ਵਿਅਕਤੀ ਤਿੰਨ ਲੋਕ ਦੇ ਵਿਸ਼ੇ ਬਨਾਉਣ ਵਾਲੇ ਆਪਣੇ ਮਨ ਨੂੰ ਸਿਲਸਿਲੇਵਾਰ ਇਕੱਠਾ ਕਰਦਾ ਹੋਇਆ ਅਣੂ ਵਿੱਚ ਸਥਾਪਿਤ ਕਰਦਾ ਹੈ ਅਤੇ ਫਿਰ ਮਨ ਰਹਿਤ ਹੁੰਦਾ ਹੋਇਆ ਅਰਿਹੰਤ ਕੇਵਲੀ ਹੋ ਜਾਂਦਾ ਹੈ। – 70

ਜਿਸ ਪ੍ਰਕਾਰ ਸਾਰੇ ਸਰੀਰ ਵਿੱਚ ਫੈਲੇ ਹੋਏ ਜ਼ਹਿਰ ਨੂੰ ਮੰਤਰ ਰਾਹੀਂ ਡੰਗ ਦੀ ਜਗ੍ਹਾ 'ਤੇ ਰੋਕਿਆ ਜਾਂਦਾ ਹੈ ਅਤੇ ਫਿਰ ਸ਼ਕਤੀਸ਼ਾਲੀ ਮੰਤਰ ਰਾਹੀਂ ਉਸੇ ਡੰਗ ਦੀ ਜਗ੍ਹਾ 'ਤੇ ਹਟਾ ਲਿਆ ਜਾਂਦਾ ਹੈ। ਉਸੇ ਪ੍ਰਕਾਰ ਤਿੰਨ ਲੋਕ ਰੂਪੀ ਸੰਸਾਰ ਦੇ ਵਿਸ਼ੇ ਬਨਾਉਣ ਵਾਲੀ ਮਨ ਰੂਪੀ ਜ਼ਹਿਰ ਨੂੰ ਧਿਆਨ ਰੂਪੀ ਮੰਤਰ ਦੇ ਬਲ ਤੋਂ ਪ੍ਰਮਾਣੂ ਨੂੰ ਰੋਕਿਆ ਜਾਂਦਾ ਹੈ। ਫਿਰ ਜਿਨੇਂਦਰ ਭਗਵਾਨ ਰੂਪੀ ਵੈਦ ਉਸ ਪ੍ਰਮਾਣੂ ਨੂੰ ਵੀ ਹਟਾ ਦਿੰਦੇ ਹਨ। – 71, 72

ਜਿਵੇਂ ਬਾਲਣ ਘੱਟ ਹੋਣ 'ਤੇ ਅੱਗ ਘੱਟ ਜਲਦੀ ਹੈ ਅਤੇ ਫਿਰ ਖ਼ਤਮ ਹੋਣ 'ਤੇ ਬੁਝ ਜਾਂਦੀ ਹੈ, ਉਸੇ ਪ੍ਰਕਾਰ ਵਿਸ਼ੇ ਰੂਪੀ ਬਾਲਣ ਦੀ ਘਾਟ ਹੋਣ 'ਤੇ ਮਨ ਦੀ

ੱਗ ਪ੍ਰਮਾਣੂਆਂ ਵਿੱਚ ਸਿਮਟ ਜਾਂਦੀ ਹੈ। ਫਿਰ ਇਨ੍ਹਾਂ ਵਿਸ਼ਿਆਂ ਦਾ ਬਾਲਣ ਖ਼ਤਮ ਹੋਣ 'ਤੇ ਬੁਝ ਜਾਂਦੀ ਹੈ। - 73, 74

ਯੋਗੀ ਦੇ ਮਨ ਨੂੰ ਕਿਸੇ ਘੜੇ ਦੇ ਜਾਂ ਲੋਹੇ ਦੇ ਗਰਮ ਭਾਂਡੇ ਦੇ ਸਿਲਸਿਲੇਵਾਰ ਘੱਟ ਹੋ ਜਾਣ ਵਾਲੇ ਪਾਣੀ ਦੀ ਤਰ੍ਹਾਂ ਸਮਝਣਾ ਚਾਹੀਦਾ ਹੈ। - 75

ਮਨ ਦੇ ਯੋਗ ਦੀ ਤਰ੍ਹਾਂ ਹੀ ਕੇਵਲੀ ਵਚਨ ਅਤੇ ਕਾਇਆ ਦੇ ਯੋਗ ਨੂੰ ਰੋਕਦੇ ਹਨ। ਅਤੇ ਫਿਰ ਸਮੇਰੂ ਪਰਬਤ ਦੀ ਤਰ੍ਹਾਂ ਸਥਿਰ ਹੋ ਕੇ ਸ਼ੈਲੇਸ਼ੀ ਕੇਵਲੀ ਹੋ ਜਾਂਦੇ ਹਨ। - 76

ਜਿਸ ਵਿੱਚ ਉਤਪਾਦ, ਵਿਆਇ, ਧਰੁਵਯ ਹਾਲਤਾਂ ਦਾ ਦ੍ਰਵਯ ਆਰਥਿਕ ਅਤੇ ਪ੍ਰਯਆਰਥਿਕ ਆਦਿ ਨਯ ਤੋਂ ਪਹਿਲਾਂ ਸ਼ਰੁਤ ਦੇ ਅਨੁਸਾਰ ਚਿੰਤਨ ਕੀਤਾ ਜਾਂਦਾ ਹੈ, ਉਹ ਅਰਥਾਂਤਰ, ਵਿਅੰਜਣਾਰਤਰ ਅਤੇ ਯੁੱਗਾਂਤਰ ਦੇ ਕਾਰਨ ਪ੍ਰਿਥੱਕਤਵ ਵਿਤਰਕਸਵੀਚਾਰ ਨਾਮਕ ਪਹਿਲਾ ਸ਼ੁਕਲ ਧਿਆਨ ਹੈ, ਇਹ ਬੀਤਰਾਗ ਨੂੰ ਹੁੰਦਾ ਹੈ। - 77, 78

ਹਵਾ ਤੋਂ ਨਾ ਘਬਰਾਉਣ ਵਾਲੇ, ਨਾ ਕੰਬਣ ਵਾਲੇ ਦੀਵੇ ਦੀ ਤਰ੍ਹਾਂ, ਜੋ ਅੰਤਾਕਰਣ ਉਤਪਾਦ, ਵਿਆਇ ਅਤੇ ਧਰੁਵਯ ਵਿੱਚ ਕਿਸੇ ਇੱਕ ਹੀ ਪਰਿਆਇ (ਅਵਸਥਾ) ਵਿੱਚ ਸਥਿਰ ਹੁੰਦਾ ਹੈ, ਉਹ ਏਕਤਵ ਵਿਤਰਕ, ਅਵਿਚਾਰ ਨਾਮਕ ਦੂਸਰਾ ਸ਼ੁਕਲ ਧਿਆਨ ਹੈ। ਇਹ ਅਰਥਾਂਤਰ, ਵਿਅੰਜਨਾਂਤਰ ਅਤੇ ਯੋਗਾਂਤਰ ਦੇ ਸੰਕ੍ਰਮਣ ਤੋਂ ਰਹਿਤ ਹੁੰਦਾ ਹੈ। ਇਸ ਲਈ ਅਵਿਚਾਰ ਅਖਵਾਉਂਦਾ ਹੈ। ਇਹ ਪਹਿਲੇ ਸ਼ਰੁਤ ਦਾ ਆਸਰਾ ਲੈਂਦਾ ਹੈ। 79, 80

ਮੁਕਤੀ ਜਾਣ ਸਮੇਂ ਕੁਝ ਲੋਕਾਂ ਦਾ ਵਿਰੋਧ ਕਰਕੇ ਅਤੇ ਸੂਕਸ਼ਮ ਕਿਰਿਆ ਵਾਲੇ ਕੇਵਲੀ ਨੂੰ ਸੂਕਸ਼ਮ ਕਿਰਿਆ ਅਨਿਵਰਤੀ ਨਾਂ ਦਾ ਤੀਸਰਾ ਸ਼ੁਕਲ ਧਿਆਨ ਹੁੰਦਾ ਹੈ। - 81

ਮਨ, ਵਚਨ ਅਤੇ ਕਾਇਆ ਦੇ ਤਿੰਨਾਂ ਯੋਗਾਂ ਦਾ ਉਪਰੋਕਤ ਕ੍ਰਮ ਨਾਲ ਰੋਕਣ 'ਤੇ ਪਰਬਤ ਦੀ ਤਰ੍ਹਾਂ ਅਚੱਲ, ਸ਼ਲੇਸ਼ੀ ਅਵਸਥਾ ਵਿੱਚ ਪਹੁੰਚੇ ਹੋਏ, ਕੇਵਲੀ ਨੂੰ ਵਿਅੱਛਿੰਨਕ੍ਰਿਅ ਅਪ੍ਰਤੀਵਾਤੀ ਨਾਂ ਦਾ ਸਰਵ-ਉੱਚ ਸ਼ੁਕਲ ਧਿਆਨ ਹੁੰਦਾ ਹੈ। - 82

ਪਹਿਲਾ ਸ਼ੁਕਲ ਧਿਆਨ ਭਿੰਨ ਭਿੰਨ ਯੋਗਾਂ ਤੋਂ ਅਤੇ ਦੂਸਰਾ ਇੱਕ ਹੀ ਯੋਗ ਤੋਂ ਹੁੰਦਾ ਹੈ। ਤੀਸਰਾ ਸ਼ੁਕਲ ਧਿਆਨ ਸਿਰਫ਼ ਕਾਇਆ ਯੋਗ ਤੋਂ ਅਤੇ ਚੌਥਾ ਅਯੋਗ ਅਵਸਥਾ ਤੋਂ ਹੁੰਦਾ ਹੈ। - 83

ਜਿਵੇਂ ਸੰਸਾਰੀ ਮਨੁੱਖ ਦੇ ਨਾ ਵਿਚਲਿਤ ਹੋਏ ਮਨ ਨੂੰ ਧਿਆਨ ਕਿਹਾ ਜਾਂਦਾ ਹੈ, ਉਸੇ ਪ੍ਰਕਾਰ ਕੇਵਲੀ ਅਤਿ-ਸ਼ਯ ਵਾਲੇ (ਚਮਤਕਾਰੀ) ਨਾ ਵਿਚਲਿਤ ਹੋਏ, ਸਰੀਰ ਨੂੰ ਧਿਆਨ ਕਿਹਾ ਜਾਂਦਾ ਹੈ। - 84

ਚਿੱਤ ਦੀ ਅਣਹੋਂਦ 'ਤੇ ਵੀ ਪੂਰਵ ਪ੍ਰਯੋਗ, ਕਰਮ ਨਿਰਜਰਾ, ਸ਼ਬਦਾਰਥ ਬਹੁਲਤਾ ਅਤੇ ਜਿਨੇਂਦਰ ਭਗਵਾਨ ਰਾਹੀਂ ਰਚੇ ਆਗਮਾਂ ਦੇ ਅਧਾਰ 'ਤੇ ਸੰਸਾਰ ਵਿੱਚ ਸਥਿਤ ਕੇਵਲੀ ਦਾ ਧਿਆਨ ਸੂਕਸ਼ਮਕ੍ਰਿਆ ਅਨਿਵ੍ਰਿਤੀ ਅਤੇ ਵਿਉਪਰਤਕ੍ਰਿਆ-ਅਪ੍ਰਤੀਪਾਤੀ ਧਿਆਨ ਅਖਵਾਉਂਦਾ ਹੈ। ਅਜਿਹਾ ਇਸ ਲਈ ਵੀ ਹੈ ਕਿਉਂਕਿ ਸੰਸਾਰ ਵਿੱਚ ਸਥਿਤ ਕੇਵਲੀ ਦੇ ਚਿੱਤ ਦੀ ਅਣਹੋਂਦ ਹੋ ਜਾਣ ਦੇ ਬਾਵਜੂਦ ਉਸ ਵਿੱਚ ਜੀਵ ਉਪਯੋਗ (ਆਤਮਾ ਗਿਆਨ) ਰੂਪ ਚਿੱਤ ਤਾਂ ਹਾਜ਼ਰ ਰਹਿੰਦਾ ਹੈ। - 85, 86

ਸ਼ੁਕਲ ਧਿਆਨ ਵਿੱਚ ਲੱਗੇ ਅਤੇ ਚਰਿੱਤਰ ਵਾਲੇ ਧਿਆਨ ਸਾਧਕ ਨੂੰ ਧਿਆਨ ਦੇ ਖ਼ਤਮ ਹੋ ਜਾਣ 'ਤੇ ਇਨ੍ਹਾਂ ਚਾਰ ਅਨੁਪ੍ਰੇਕਸ਼ਾਵਾਂ ਦਾ ਵੀ ਚਿੰਤਨ ਕਰਨਾ ਚਾਹੀਦਾ ਹੈ। - 87

ਕਰਮ ਆਉਣ ਦੇ ਕਾਰਨ ਹੋਣ ਵਾਲੇ ਦੁੱਖ, ਸੰਸਾਰ ਦਾ ਅਸ਼ੁਭ ਰੂਪ, ਜਨਮ ਮਰਨ ਰੂਪੀ ਭਵ ਅਤੇ ਚੇਤਨ ਅਚੇਤਨ ਵਸਤੂ ਦੀ ਵਿਨਾਸ਼ਤਾ ਇਹ ਚਾਰ ਅਨੁਪ੍ਰੇਕਸ਼ਾਵਾਂ ਹਨ। - 88

ਪਹਿਲੇ ਦੋ ਸ਼ੁਕਲ ਧਿਆਨ ਸ਼ੁਕਲ ਲੇਸ਼ਿਆ ਵਿੱਚ, ਤੀਸਰਾ ਪਰਮ ਸ਼ੁਕਲ ਲੇਸ਼ਿਆ ਵਿੱਚ ਅਤੇ ਆਪਣੀ ਵਿਚਲਤਾ ਰਹਿਤ ਬੜੇ ਪਹਾੜ ਨੂੰ ਜਿੱਤ ਲੈਣ ਵਾਲੇ ਚੌਥੇ ਪਰਮ ਸ਼ੁਕਲ ਧਿਆਨ ਲੇਸ਼ਿਆਵਾਂ ਤੋਂ ਪਰੇ ਹਨ। - 89

ਸ਼ੁਕਲ ਧਿਆਨ ਦੇ ਚਾਰ ਲਿੰਗ ਹਨ ਭਾਵ ਪਰਿਚਾਯਕ ਹਨ। ਉਹਨਾਂ ਦੇ ਨਾਮ ਹਨ ਅਵੱਧ, ਅਸਮੋਹ, ਵਿਵੇਕ ਅਤੇ ਵਿਉਤਸਰਗ। ਇਨ੍ਹਾਂ ਨਾਲ ਮੁਨੀ ਦੇ ਚਿੱਤ ਦੇ ਸ਼ੁਕਲ ਧਿਆਨ ਵਿੱਚ ਹੋਣ ਦੀ ਸੂਚਨਾ ਮਿਲਦੀ ਹੈ। - 90

ਪਰਿਸ਼ੈ ਅਤੇ ਕਸ਼ਟਾਂ ਤੋਂ ਵਿਚਲਿਤ ਅਤੇ ਨਿਡਰ ਹੋਣਾ ਅਵਧ ਲਿੰਗ ਦਾ ਅਤੇ ਸੂਖਮ ਪਦਾਰਥਾਂ ਅਤੇ ਦੇਵ ਰਚਿਤ ਮਾਇਆ ਤੋਂ ਮੋਹ-ਗ੍ਰਸਤ ਨਾ ਹੋਣਾ ਅਸਮੋਹ ਲਿੰਗ ਦਾ ਸਵਰੂਪ ਹੈ। - 91

ਇਹ ਸਮਝਣਾ ਕਿ ਮੈਂ ਦੇਹ ਤੋਂ ਭਿੰਨ ਹਾਂ ਅਤੇ ਦੇਹ ਤੋਂ ਪੈਦਾ ਹੋਏ ਇਸਤਰੀ, ਸੰਤਾਨ ਆਦਿ ਮਹਿਜ ਸੰਯੋਗ ਹਨ। ਸ਼ੁਕਲ ਧਿਆਨ ਦਾ ਪਰਿਚਾਯਕ ਵਿਵੇਕ ਲਿੰਗ ਹੈ। ਦੇਹ ਅਤੇ ਹੋਰ ਪਰਿਗ੍ਰਹਿਆਂ ਤੋਂ ਨਿਸੰਗ ਹੋਣਾ ਸ਼ੁਕਲ ਧਿਆਨ ਦਾ ਪਰਿਚਾਯਕ ਵਿਉਤਸਰਗ ਲਿੰਗ ਹੈ। - 92

ਪੁੰਨ ਕਰਮ ਦਾ ਬੰਧਨ, ਪਾਪ ਕਰਮ ਸੰਬਰ (ਰੋਕਣਾ), ਸੰਚਿਤ ਕਰਮਾਂ ਦੀ ਨਿਰਜਰਾ (ਕਰਮ ਝਾੜਨ ਦੀ ਪ੍ਰਕਿਰਿਆ) ਅਤੇ ਸਵਰਗ ਦੀ ਪ੍ਰਾਪਤੀ ਇਹ ਧਰਮ ਧਿਆਨ ਦੇ ਉੱਤਮ ਅਤੇ ਵਿਸ਼ੁੱਧ ਹੋ ਜਾਣ ਵਾਲੇ ਫਲ ਹਨ। - 93

ਸ਼ੁਭ ਕਰਮਾਂ ਦਾ ਬੰਧਨ ਅਤੇ ਅਨੁਪਮ ਦੇਵਤਿਆਂ ਵਾਲਾ ਸੁੱਖ ਇਹ ਵਿਸ਼ੇਸ਼ ਰੂਪ ਤੋਂ ਪਹਿਲੇ ਦੋ ਸ਼ੁਕਲ ਧਿਆਨਾਂ ਦੇ ਫਲ ਹਨ, ਬਾਅਦ ਦੇ ਦੋ ਸ਼ੁਕਲ ਧਿਆਨਾਂ ਦਾ ਫਲ ਮੁਕਤੀ ਦੀ ਪ੍ਰਾਪਤੀ ਹੁੰਦਾ ਹੈ। - 94

ਸੰਸਾਰ ਦਾ ਕਾਰਨ ਆਸ਼ਰਵ (ਕਰਮਾਂ ਦਾ ਆਉਣਾ) ਹੈ ਕਿਉਂਕਿ ਧਰਮ ਧਿਆਨ ਅਤੇ ਸ਼ੁਕਲ ਧਿਆਨ ਵਿੱਚ ਕਰਮਾਂ ਦਾ ਆਸ਼ਰਵ ਨਹੀਂ ਹੁੰਦਾ, ਇਸ ਲਈ ਧਰਮ ਧਿਆਨ ਅਤੇ ਸ਼ੁਕਲ ਧਿਆਨ ਸੰਸਾਰ ਦੇ ਨਹੀਂ ਮੁਕਤੀ ਦੇ ਕਾਰਕ ਹਨ। - 95

ਸੰਬਰ ਅਤੇ ਨਿਰਜਰਾ ਤੋਂ ਮੁਕਤੀ ਮਿਲਦੀ ਹੈ। ਪਰ ਸੰਬਰ ਅਤੇ ਨਿਰਜਰਾ ਦੀ ਪ੍ਰਾਪਤੀ ਤਪ ਤੋਂ ਹੁੰਦੀ ਹੈ। ਤਪ ਦਾ ਮੁੱਖ ਤੱਤਵ ਧਿਆਨ ਹੈ। ਇਸ ਲਈ ਧਿਆਨ ਮੁਕਤੀ ਦਾ ਕਾਰਨ ਹੈ। - 96

ਜਿਸ ਤਰ੍ਹਾਂ ਪਾਣੀ ਕੱਪੜੇ ਦੀ ਮੈਲ ਨੂੰ, ਅੱਗ ਲੋਹੇ ਦੀ ਜੰਗ ਨੂੰ ਅਤੇ ਸੂਰਜ ਜ਼ਮੀਨ ਦੇ ਚਿੱਕੜ ਨੂੰ ਖ਼ਤਮ ਕਰ ਦਿੰਦਾ ਹੈ, ਉਸੇ ਪ੍ਰਕਾਰ ਧਿਆਨ ਆਤਮਾ ਨਾਲ ਲੱਗੇ ਕਰਮਾਂ ਦੇ ਮੈਲ ਨੂੰ ਖ਼ਤਮ ਕਰ ਦਿੰਦਾ ਹੈ। - 97, 98

ਜਿਸ ਪ੍ਰਕਾਰ ਧਿਆਨ, ਬਚਨ ਆਦਿ ਯੋਗਾਂ ਦਾ ਤਾਪਨ, ਸੋਸ਼ਣ ਅਤੇ ਵਿਦਾਰਨ ਕਰਦਾ ਹੈ, ਉਸੇ ਪ੍ਰਕਾਰ ਉਹ ਧਿਆਨੀ ਦੇ ਕਰਮਾਂ ਦਾ ਵੀ ਤਾਪਨ, ਸੋਸ਼ਣ ਅਤੇ ਵਿਦਾਰਨ ਕਰਦਾ ਹੈ। - 99

ਜਿਸ ਪ੍ਰਕਾਰ ਸ਼ੋਸ਼ਕ ਅਤੇ ਵਿਰੇਚਿਕ ਵਿਧੀਆਂ ਅਤੇ ਦਵਾਈਆਂ ਨਾਲ ਰੋਗ ਦਾ ਇਲਾਜ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਧਿਆਨ, ਵਰਤ ਆਦਿ ਤੋਂ ਕਰਮ ਰੂਪੀ ਰੋਗ ਨੂੰ ਸ਼ਾਂਤ ਕੀਤਾ ਜਾਂਦਾ ਹੈ। - 100

ਜਿਸ ਪ੍ਰਕਾਰ ਤੇਜ਼ ਹਵਾ ਵਾਲੀ ਅੱਗ ਲੰਬੇ ਸਮੇਂ ਇਕੱਠੇ ਹੋਏ ਬਾਲਣ ਨੂੰ ਛੇਤੀ ਜਲਾ ਦਿੰਦੀ ਹੈ, ਉਸੇ ਪ੍ਰਕਾਰ ਧਿਆਨ ਦੀ ਅੱਗ ਸੰਚਿਤ ਕਰਮਾਂ ਦੇ ਬਾਲਣ ਨੂੰ ਪਲ ਵਿੱਚ ਹੀ ਜਲਾ ਦਿੰਦੀ ਹੈ। - 101

ਜਿਵੇਂ ਹਵਾ ਨਾਲ ਫਟੇ ਹੋਏ ਬੱਦਲਾਂ ਦਾ ਸਮੂਹ ਪਲ ਵਿੱਚ ਖ਼ਤਮ ਹੋ ਜਾਂਦਾ ਹੈ, ਉਸੇ ਤਰ੍ਹਾਂ ਧਿਆਨ ਦੀ ਹਵਾ ਚੱਲਣ ਨਾਲ ਕਰਮ ਦੇ ਬੱਦਲ ਸਮਾਪਤ ਹੋ ਜਾਂਦੇ ਹਨ। - 102

ਜੋ ਚਿੱਤ ਧਿਆਨ ਵਿੱਚ ਲੀਨ ਰਹਿੰਦਾ ਹੈ, ਉਹ ਕਸ਼ਾਇਆਂ ਤੋਂ ਉਤਪੰਨ ਹੋਣ ਵਾਲੀ ਈਰਖਾ, ਵਿਸ਼ਾਧ, ਸੋਗ ਅਤੇ ਮਾਨਸਿਕ ਦੁੱਖਾਂ ਤੋਂ ਪੀੜਿਤ ਨਹੀਂ ਹੁੰਦਾ। - 103

ਜੋ ਚਿੱਤ ਧਿਆਨ ਵਿੱਚ ਲੀਨ ਰਹਿੰਦਾ ਹੈ, ਉਹ ਕਰਮਾਂ ਦੀ ਨਿਰਜਰਾ ਦੇ ਇੰਤਜ਼ਾਰ ਵਿੱਚ ਹੁੰਦਾ ਹੈ। ਉਸ ਨੂੰ ਠੰਢ, ਗਰਮੀ ਆਦਿ ਭਿੰਨ ਪ੍ਰਕਾਰ ਦੇ ਸਰੀਰਿਕ ਦੁੱਖਾਂ ਦਾ ਅਹਿਸਾਸ ਨਹੀਂ ਹੁੰਦਾ। - 104

ਅਸਲ ਵਿੱਚ ਧਿਆਨ ਵਿੱਚ ਸਾਰੇ ਗੁਣ ਹਨ, ਉਹ ਦਿੱਖ ਅਤੇ ਅਦਿੱਖ ਸੁੱਖਾਂ ਦਾ ਸਾਧਨ ਹੈ। ਅਤਿਸ਼ਯ (ਚਮਤਕਾਰੀ) ਪ੍ਰਸ਼ਸਤ (ਸ਼ੁਭ) ਹੈ। ਉਸ 'ਤੇ ਸ਼ਰਧਾ ਰੱਖਣੀ ਚਾਹੀਦੀ ਹੈ, ਉਸ ਨੂੰ ਜਾਨਣਾ ਚਾਹੀਦਾ ਹੈ, ਉਸ ਨੂੰ ਆਪਣੇ ਚਿੰਤਨ ਦਾ ਵਿਸ਼ਾ ਬਣਾਉਣਾ ਚਾਹੀਦਾ ਹੈ।

## ਔਖੇ ਸ਼ਬਦਾਂ ਦੇ ਅਰਥ

ਅਵਿਰਤ : ਅਸੰਯਤ (ਅਸੰਯਮੀ) ਗੁਣ ਸਥਾਨ ਤੱਕ ਦੇ ਜੀਵ।

ਅਨੁਭਾਵ : ਅਵਰਿਤੀ, ਪ੍ਰਮਾਦ ਤੇ ਕਸ਼ਾਏ ਆਦਿ।

ਅਰਥਾਂਤਰ : ਅਰਥ – ਭਾਵ ਧਿਆਨ ਦੇ ਵਿਸ਼ੇ, ਦ੍ਰਵ ਤੇ ਪਰਿਆਇ। ਦ੍ਰਵ ਅਤੇ ਪਰਿਆਇ ਦੇ ਚਿੰਤਨ ਦਾ ਆਪਸੀ ਮੇਲ

ਅਨੁਪ੍ਰੇਕਸ਼ਾ : ਕਰਮ ਆਉਣ ਦੇ ਸਿੱਟੇ ਵਜੋਂ ਪੈਦਾ ਹੋਏ ਦੁੱਖ, ਸੰਸਾਰ ਦੀ ਅਸ਼ੁਭ–ਰੂਪਤਾ ਅਤੇ ਜਨਮ, ਮਰਨ।

ਰੂਪ ਭਵਸੰਤਾਨ :

ਭਵ (ਜਨਮ–ਮਰਨ) ਰੂਪ, ਚੇਤਨ–ਅਚੇਤਨ ਦੀ ਵਿਨਾਸ਼ਤਾ ਦਾ ਬਾਰ–ਬਾਰ ਚਿੰਤਨ ਕਰਨਾ।

ਅੰਕਣ : ਗਰਮ ਲੋਹੇ ਦੇ ਸਰੀਏ ਦੇ ਨਾਲ ਦਾਗਣਾ।

ਆਗਮ : ਅਚਾਰਿਆ ਪਰੰਪਰਾ ਤੋਂ ਆਇਆ ਮੂਲ–ਸਿਧਾਂਤ ਸੂਤਰ।

ਆਗਿਆ : ਉਪਦੇਸ਼ ਦਾ ਅਰਥ, ਜੈਨ ਧਰਮ।

ਆਮਰਣ ਦੋਸ਼ : ਜੀਵਨ ਦੇ ਵਿੱਚ ਕਦੇ ਪਸ਼ਚਾਤਾਪ ਨਾ ਕਰਨਾ।

ਆਕਾਰ : ਪੁਦਗਲ ਦੀ ਰਚਨਾ ਦਾ ਰੂਪ, ਵਸਤੂ ਦਾ ਆਕਾਰ।

ਉਤਸੰਨ ਦੋਸ਼ : ਕਿਸੇ ਇੱਕ ਰੋਦਰ ਧਿਆਨ ਵਿੱਚ ਬਹੁਤਾਤ ਵਿੱਚ ਲੀਣ ਹੋਣਾ।

ਉਪਦੇਸ਼ : ਸੂਤਰ ਦੇ ਅਨੁਸਾਰ ਕੀਤਾ ਗਿਆ ਕਥਨ।

ਗਮ : ਚੌਬੀ (24) ਦੰਡਕ ਆਦਿ। ਮਨ, ਵਚਨ ਅਤੇ ਕਾਇਆ ਦੇ ਭਿੰਨ–ਭਿੰਨ ਦੰਡ।

ਛਦਮਸਥ : ਸੰਸਾਰੀ ਆਦਮੀ ਜਾਂ ਘੱਟ ਗਿਆਨੀ।

ਤਾੜਨ : ਸਿਰ, ਛਾਤੀ ਆਦਿ ਪਿੱਟਣਾ।

ਦੇਸ਼ਵਿਰਤ : ਸੰਯਤ-ਅਸੰਯਤ (ਸੰਯਮੀ-ਅਸੰਯਮੀ) ਜੀਵ।

ਨਯ : ਵਸਤੂ ਦੇ ਅਨੇਕਾਂ ਧਰਮਾਂ ਵਿੱਚੋਂ ਕਿਸੇ ਇੱਕ ਧਰਮ ਦਾ ਵਿਵੇਚਣ, ਗਿਆਨ ਦਾ ਇੱਕ ਅੰਸ਼।

ਨਾਨਾਵਿਧ ਦੋਸ਼: ਚਮੜੀ ਛਿੱਲਣਾ, ਅੱਖਾਂ ਫਾੜਨਾ ਜਿਹੀ ਹਿੰਸਾ ਵਿੱਚ ਲੱਗਣਾ।

ਪ੍ਮਾਣ : ਵਸਤੂ ਦੇ ਮਾਪ-ਤੋਲ ਦਾ ਗਿਆਨ ਕਰਾਉਣ ਵਾਲਾ ਦ੍ਰਵ, ਖੇਤਰ, ਕਾਲ। ਸੰਪੂਰਨ ਵਸਤੂ ਦਾ ਗਿਆਨ।

ਪ੍ਮੱਤ ਸੰਯਤ : ਪ੍ਮਾਦ ਵਾਲੀ ਕਿਰਿਆ ਕਰਨ ਵਾਲੇ ਜੀਵ।

ਪਰਿਦੇਵਨ : ਕਲੇਸ਼ ਵਾਲੇ ਵਚਨ।

ਪੰਚਾਸਿਤਕਾਯ: ਜੀਵ, ਪੁਦਗਲ, ਧਰਮ (ਚੱਲਣ ਵਿੱਚ ਸਹਾਇਕ ਦ੍ਰਵ), ਅਧਰਮ (ਰੁਕਣ ਵਿੱਚ ਸਹਾਇਕ ਦ੍ਰਵ) ਅਤੇ ਅਕਾਸ਼ ਇਹ ਪੰਜ ਦ੍ਰਵ ਜ਼ਿਆਦਾ ਪ੍ਮਾਣ ਦੇ ਕਾਰਨ ਸਰੀਰ ਵਾਲੇ ਹਨ। ਇਸ ਲਈ ਇਨ੍ਹਾਂ ਨੂੰ ਪੰਚਾਸਿਤਕਾਯ ਕਹਿੰਦੇ ਹਨ।

ਬਹੁਲ ਦੋਸ਼ : ਸਾਰੇ ਰੌਦਰ ਧਿਆਨਾਂ ਵਿੱਚ ਜ਼ਿਆਦਾ ਲੱਗਣਾ।

ਭੂਤੋਪਰੋਧ : ਪ੍ਰਾਣੀ ਹਿੰਸਾ, ਝੂਠ ਬੋਲਣਾ।

ਭੰਗ ਸਿਲਸਿਲੇ ਵਾਰ ਅਤੇ ਸਥਾਨ ਦੇ ਅਧਾਰ 'ਤੇ ਹੋਣ ਵਾਲੇ ਭੇਦ, ਅਹਿੰਸਾ, ਸੱਚ, ਚੋਰੀ ਨਾ ਕਰਨਾ ਦੇ ਭੇਦ।

ਭਵਨ : ਭਵਨ ਵਾਸੀ ਦੇਵਤਿਆਂ ਦਾ ਨਿਵਾਸ।

ਮਾਨ : ਧਰਮਾਸਤੀ (ਚੱਲਣ ਵਿੱਚਸਹਾਇਕ ਦ੍ਰਵ) ਕਾਇਆ ਦਾ ਆਪਣਾ ਆਕਾਰ।

ਯੋਗਾਂਤਰ : ਤਿੰਨ ਯੋਗ (ਮਨ, ਵਚਨ ਅਤੇ ਕਾਇਆ) ਦੇ ਚਿੰਤਨ ਦਾ ਆਪਸੀ ਮੇਲ।

ਲੇਸ਼ਿਆ : ਆਤਮਾ ਨੂੰ ਲਬੇੜਨ ਵਾਲੀਆਂ ਹਰਕਤਾਂ)। ਕ੍ਰਿਸ਼ਨ ਅਤੇ ਕਪੋਤ ਅਸ਼ੁਭ ਅਤੇ ਪੀਤ, ਪਦਮ ਅਤੇ ਸ਼ੁਕਲ ਸ਼ੁਭ ਲੇਸ਼ਿਆਵਾਂ ਹਨ।

ਵਾਚਨਾ : ਵਿਚਾਰ ਅਤੇ ਸਿਮਰਨ ਲਈ ਚੇਲੇ ਨੂੰ ਦਿੱਤਾ ਗਿਆ ਪਾਠ।

ਵਿਅੰਜਨਾਂਤਰ : ਵਿਅੰਜਨ (ਸ਼ਬਦ)। ਭਿੰਨ-ਭਿੰਨ ਆਗਮ ਵਚਨਾਂ ਦੇ ਚਿੰਤਨ ਦਾ ਆਪਸੀ ਮੇਲ ਮਿਲਾਪ ਕਰਨਾ।

ਵਿਧਾਨ : ਜੀਵ ਪੁਦਗਲ ਆਦਿ ਦੇ ਭੇਦ।

ਵੀਚਾਰ : ਅਰਥ, ਵਿਅੰਜਨ ਅਤੇ ਯੋਗ ਦਾ ਪਰਿਵਰਤਨ। ਵਿਸ਼ੇ ਦਾ ਪਹਿਲਾ ਗਿਆਨ ਵਿਤਰਕ ਹੈ, ਉਸ ਦਾ ਵਾਰ-ਵਾਰ ਚਿੰਤਨ ਵੀਚਾਰ ਹੈ।

ਵਿਤਰਕ : ਵਿਸ਼ੇ ਦਾ ਪਹਿਲਾ ਗਿਆਨ ਵਿਤਰਕ

ਵਿਮਾਨ : ਵਿਮਾਨਿਕ ਦੇਵਤਿਆਂ ਦਾ ਨਿਵਾਸ।

ਸ਼ੈਲੇਸ਼ੀ ਪਰਬਤ ਦੀ ਤਰ੍ਹਾਂ ਸਥਿਰ।

ਸਯੋਗ ਕੇਵਲੀ ਤੇ ਅਯੋਗ ਕੇਵਲੀ :

ਕੇਵਲ ਗਿਆਨੀ ਜਦ ਤੱਕ ਵਿਚਰਦੇ ਹਨ ਅਤੇ ਉਪਦੇਸ਼ ਕਰਦੇ ਹਨ ਅਤੇ ਤਿੰਨਾਂ ਯੋਗਾਂ ਵਾਲੇ ਹੁੰਦੇ ਹਨ। ਜਦ ਤੱਕ ਸਯੋਗ ਕੇਵਲੀ ਆਪਣੀ ਉਮਰ ਦੇ ਆਖਰੀ ਸਮੇਂ ਵਿੱਚ ਵਿਹਾਰ ਤੇ ਉਪਦੇਸ਼ ਤੋਂ ਰੁਕ ਜਾਂਦੇ ਹਨ ਤਾਂ ਉਹ ਅਯੋਗ ਕੇਵਲੀ ਕਹਾਉਂਦੇ ਹਨ। ਸਯੋਗ ਕੇਵਲੀ 13ਵੇਂ ਅਤੇ ਅਯੋਗ ਕੇਵਲੀ 14ਵੇਂ ਗੁਣ ਸਥਾਨ ਵਾਲੇ ਹੁੰਦੇ ਹਨ।

ਸੰਹਨਨ : ਦ੍ਰਿੜ੍ਹਤਾ, ਹੱਡੀਆਂ ਦਾ ਆਪਸੀ ਮਜਬੂਤ ਬੰਧਨ ਵਿਸ਼ੇਸ਼, ਬਜ੍ਰਰਿਸ਼ਵਨਾਰਾਚਸੰਹਨਨ, ਬਜ੍ਰਨਾਰਾਚਸੰਹਨਨ ਅਤੇ ਨਾਰਾਚਸੰਹਨਨ ਇਹ ਤਿੰਨ ਉਤਮ ਅਕਾਰ ਹਨ। ਇਨ੍ਹਾਂ ਵਿੱਚ ਹੀ ਧਿਆਨ ਸੰਭਵ ਹੈ। ਵਜਰਚਾਹਾਵ ਸੰਹਨਨ ਅਤੇ ਨਾਰਾਚ ਸੰਹਨਨ